ਮਿਤੀ,ਬੱਧ
ਅਤਿ ਜ਼ਰੂਰੀ

ਪੰਜਾਬ ਸਰਕਾਰ
ਆਮ ਰਾਜ ਪ੍ਰਬੰਧ ਵਿਭਾਗ
(ਰਾਜਨੀਤੀ -1 ਸਾਖਾ)

ਸੇਵਾ ਵਿਖੇ

1. ਪੰਜਾਬ ਰਾਜ ਦੇ ਸਮੂਹ ਵਿਭਾਗਾਂ ਦੇ ਮੁੱਖੀ,
2. ਪੰਜਾਬ ਰਾਜ ਦੇ ਸਮੂਹ ਡਵੀਜ਼ਨਾਂ ਦੇ ਕਮਿਸ਼ਨਰਜ਼ ਅਤੇ ਜ਼ਿਲ੍ਹਿਆ ਦੇ ਡਿਪਟੀ ਕਮਿਸ਼ਨਰਜ਼।

ਵਿਸ਼ਾ:- <u>ਪੰਜਾਬ ਸਰਕਾਰ ਪ੍ਰਮਾਣ ਪੱਤਰ-2022 (15 ਅਗਸਤ,2022 ਸੁਤੰਤਰਤਾ ਦਿਵਸ ਤੇ) ਦੇਣ ਸਬੰਧੀ ਸਿਫਾਰਸ਼ਾਂ ਮੰਗਣ ਬਾਰੇ।</u>

ਸ਼੍ਰੀਮਾਨ ਜੀ,

ਉਪਰੋਕਤ ਵਿਸ਼ੇ ਸਬੰਧੀ ਆਪ ਦਾ ਧਿਆਨ ਪੰਜਾਬ ਸਰਕਾਰ ਦੇ ਪੱਤਰ ਨੰ: 4/06/1998-4ਰਾਜ.1/1221, ਮਿਤੀ 4.02.1999, ਪੱਤਰ ਨੰ.4/01/2004-4ਰਾਜ-1/967,ਮਿਤੀ 03.02.2005 ਅਤੇ ਪੱ.ਨੰ.4/05/12-4ਰਾਜ.1/9674,ਮਿਤੀ 18.07.2012 ਵੱਲ ਦਿਵਾਉਦੇ ਹੋਏ ਮੈਨੂੰ ਇਹ ਲਿਖਣ ਦੀ ਹਦਾਇਤ ਹੋਈ ਹੈ ਕਿ 15 ਅਗਸਤ 2022 (ਸੁਤੰਤਰਤਾ ਦਿਵਸ) ਦੇ ਮੌਕੇ ਤੇ ਰਾਜ ਪੱਧਰ ਤੇ ਸਮਾਗਮ ਵਿਖੇ ਉਨ੍ਹਾਂ ਅਧਿਕਾਰੀਆਂ/ ਕਰਮਚਾਰੀਆਂ/ ਵਿਅਕਤੀਆਂ ਨੂੰ ਜਿਨ੍ਹਾਂ ਵੱਲੋਂ ਵਿਸ਼ੇਸ਼ ਖੇਤਰਾਂ ਵਿੱਚ ਉਪਲੱਬਧੀਆਂ ਕੀਤੀਆਂ ਜਾਂਦੀਆਂ ਹਨ ਅਤੇ ਬਹਾਦਰੀ ਵਿਖਾਈ ਜਾਂਦੀ ਹੈ, ਨੂੰ ਪੰਜਾਬ ਸਰਕਾਰ ਪ੍ਰਮਾਣ ਪੱਤਰ ਨਾਲ ਸਨਮਾਨਿਤ ਕੀਤਾ ਜਾਂਦਾ ਹੈ। ਇਹ ਪ੍ਰਮਾਣ ਪੱਤਰ (ੳ) ਅੱਤਵਾਦੀਆਂ, ਦਹਿਸ਼ਤਗਰਦਾਂ ਜਾਂ ਹੋਰ ਗੈਰ-ਸਮਾਜੀ ਅਨਸਰਾਂ ਨਾਲ ਨਜਿੱਠਣ, ਅੱਤਵਾਦੀਆਂ ਵੱਲੋਂ ਕੀਤੇ ਗਏ ਹਮਲਿਆਂ ਵਿਰੁੱਧ ਜਾਂ ਕਿਸੇ ਕੰਮ ਵਿੱਚ ਵਿਖਾਈ ਵਿਸ਼ੇਸ਼ ਬਹਾਦਰੀ ਵਜੋਂ (ਅ) ਸਮਾਜ ਸੇਵਾ, (ੲ) ਕਲਾ, ਪ੍ਰਸਿੱਧ ਕਲਾ ਅਤੇ ਸਹਿਤ ਅਤੇ (ਸ) ਵਿਗਿਆਨ ਤਕਨਾਲੋਜੀ ਅਤੇ ਹਰ ਪ੍ਰਵੀਨ ਕਿੱਤੇ ਦੇ ਖੇਤਰਾਂ ਵਿੱਚ ਸ਼ਲਾਘਾਯੋਗ ਸੇਵਾਵਾਂ/ਪ੍ਰਾਪਤੀਆਂ ਕਰਨ ਵਜੋਂ ਪ੍ਰਦਾਨ ਕੀਤੇ ਜਾਂਦੇ ਹਨ, ਜਿਨ੍ਹਾਂ ਸਬੰਧੀ ਪੰਜਾਬ ਸਰਕਾਰ ਦੁਆਰਾ ਸਿਫਾਰਸ਼ਾਂ ਮੰਗੀਆਂ ਜਾਂਦੀਆਂ ਹਨ ।

2. ਉਪਰੋਕਤ ਦਰਸਾਏ ਵੱਖ-ਵੱਖ ਖੇਤਰਾਂ ਲਈ ਦਿੱਤੇ ਜਾਣ ਵਾਲੇ ਪ੍ਰਮਾਣ ਪੱਤਰਾਂ ਦੀ ਕੁੱਲ ਗਿਣਤੀ ਸਾਰੇ ਰਾਜ ਲਈ 40 ਨਿਸਚਿਤ ਕੀਤੀ ਗਈ ਹੈ ਅਤੇ ਇਨ੍ਹਾਂ ਵਿੱਚੋਂ ਪਹਿਲਾਂ ਵਿਸ਼ੇਸ਼ ਤੌਰ ਤੇ ਬਹਾਦਰੀ ਦੇ ਖੇਤਰ ਲਈ ਇਨਾਮਾਂ ਬਾਰੇ ਅਤੇ ਫਿਰ ਦੂਜੇ ਖੇਤਰਾਂ (ੳ) ਸਮਾਜ ਸੇਵਾ, (ਅ) ਕਲਾ, ਪ੍ਰਸਿੱਧ ਕਲਾ, ਸਾਹਿਤ, (ੲ) ਵਿਗਿਆਨ ਤਕਨਾਲੋਜੀ ਅਤੇ ਹੋਰ ਪ੍ਰਵੀਨ ਕਿੱਤਿਆਂ ਵਿੱਚ ਪ੍ਰਾਪਤ ਕੀਤੀਆਂ ਜਾਂਦੀਆਂ ਉਪਲੱਬਧੀਆਂ ਲਈ ਇਨਾਮਾਂ ਬਾਰੇ ਵਿਚਾਰ ਅਤੇ ਫੈਸਲਾ ਕੀਤਾ ਜਾਵੇਗਾ, ਪ੍ਰੰਤੂ ਇਨਾਮਾਂ ਦੀ ਕੁੱਲ ਗਿਣਤੀ 40 ਹੀ ਰਹੇਗੀ। ਸਮਰੱਥ ਅਧਿਕਾਰੀ ਵਲੋਂ ਇਹ ਫੈਸਲਾ ਲਿਆ ਗਿਆ ਹੈ ਕਿ 15 ਅਗਸਤ ਨੂੰ ਦਿੱਤੇ ਜਾਣ ਵਾਲੇ ਪ੍ਰਮਾਣ ਪੱਤਰ ਦੇ ਨਾਲ ਕੇਵਲ ਇੱਕ ਮੈਡਲ ਅਤੇ ਇੱਕ ਗਰਮ-ਸ਼ਾਲ ਹੀ ਦਿੱਤਾ ਜਾਵੇਗਾ।

3. ਪ੍ਰਬੰਧਕੀ ਸਕੱਤਰ / ਕਮਿਸ਼ਨਰ, ਮੰਡਲ ਕਮਿਸ਼ਨਰ/ ਡਿਪਟੀ ਕਮਿਸ਼ਨਰ/ ਵਿਭਾਗਾਂ ਦੇ ਮੁੱਖੀ ਨਿਮਨ-ਲਿਖਤ ਨੂੰ ਧਿਆਨ ਵਿੱਚ ਰੱਖ ਕੇ ਕੇਵਲ ਉੱਚ ਦਰਜੇ ਦੀਆਂ ਆਪਣੀਆਂ ਸਿਫਾਰਿਸ਼ਾਂ ਦੀ ਪੁਲਿਸ ਵੈਰੀਫਿਕੇਸ਼ਨ ਕਰਵਾਉਣ ਉਪਰੰਤ ਹੀ ਆਮ ਰਾਜ ਪ੍ਰਬੰਧ ਵਿਭਾਗ (ਰਾਜਨੀਤੀ-1 ਸ਼ਾਖਾ) ਨੂੰ ਮਿਤੀ 31.05.2022 ਤੱਕ ਭੇਜਣਗੇ ਅਤੇ ਧਿਆਨ ਰੱਖਿਆ ਜਾਵੇ ਕਿ ਪੰਜਾਬ ਸਰਕਾਰ ਪ੍ਰਮਾਣ ਪੱਤਰ-2021 ਲਈ ਚੁਣੀਆਂ ਸਖਸ਼ੀਅਤਾਂ

ਦੀ ਦੁਬਾਰਾ ਸਿਫਾਰਿਸ਼ ਨਾ ਭੇਜੀ ਜਾਵੇ ਕਿਉਂਕਿ ਇਨ੍ਹਾਂ ਸਖਸ਼ੀਅਤਾਂ ਨੂੰ ਵੀ 15 ਅਗਸਤ, 2022 ਦੇ ਰਾਜ ਪੱਧਰੀ ਸਮਾਗਮ ਤੇ ਸਨਮਾਨਿਤ ਕੀਤਾ ਜਾਵੇਗਾ:-

(ਓ) ਜਿਲ੍ਹੇ ਵਿਚੋਂ ਇਹ ਸਿਫਾਰਸ਼ਾਂ ਭੇਜਣ ਤੋਂ ਪਹਿਲਾਂ ਉਨ੍ਹਾਂ ਨੂੰ ਜਿਲ੍ਹਾ ਪੱਧਰ ਤੇ ਇੱਕ ਕਮੇਟੀ, ਜਿਸ ਵਿੱਚ ਡਿਪਟੀ ਕਮਿਸ਼ਨਰ, ਐਸ.ਐਸ.ਪੀ ਜਾਂ ਪੁਲਿਸ ਕਮਿਸ਼ਨਰ ਅਤੇ ਡਿਪਟੀ ਕਮਿਸ਼ਨਰ ਵਲੋਂ ਨਾਮਜ਼ਦ ਦੋ ਅਧਿਕਾਰੀ ਹੋਣ, ਵਲੋਂ ਘੋਖਿਆ ਜਾਵੇ। ਵਿਭਾਗਾਂ ਵਿਚੋਂ ਨਾਮ ਤਜਵੀਜ਼ ਕਰਨ ਲਈ ਪ੍ਰਬੰਧਕੀ ਵਿਭਾਗ ਸਮਰੱਥ ਹੋਣਗੇ।

(ਅ) ਪਿਛਲੇ ਸਾਲ ਕੋਵਿਡ-19 ਮਹਾਂਮਾਰੀ ਦਾ ਪਰਕੋਪ ਸਾਰੇ ਰਾਜ ਵਿੱਚ ਰਿਹਾ ਹੈ, ਇਸ ਨਾਲ ਨਜਿੱਠਣ ਲਈ ਰਾਜ ਦੇ ਵੱਖ-ਵੱਖ ਵਿਭਾਗਾਂ ਦੇ ਜਿਨ੍ਹਾਂ ਕਰਮਚਾਰੀਆਂ ਨੇ ਅਣਥੱਕ ਮਿਹਨਤ ਨਾਲ ਸ਼ਲਾਘਾਯੋਗ ਡਿਊਟੀਆਂ ਨਿਭਾਈਆਂ ਹਨ, ਉਨ੍ਹਾਂ ਦੇ ਨਾਮ ਦੀ ਸਿਫਾਰਿਸ਼ ਵਿਭਾਗ ਆਪਣੇ ਪ੍ਰਬੰਧਕੀ ਵਿਭਾਗ ਦੇ ਉੱਚ ਅਧਿਕਾਰੀ ਰਾਹੀਂ ਪੁਲਿਸ ਵੈਰੀਫਿਕੇਸ਼ਨ ਕਰਵਾਉਣ ਉਪਰੰਤ ਹੀ ਸਰਕਾਰ ਨੂੰ ਭੇਜਣ।

(ੲ) ਪੰਜਾਬ ਸਰਕਾਰ ਪ੍ਰਮਾਣ ਪੱਤਰ ਲਈ ਯੋਗ ਸਿਫਾਰਸ਼ਾਂ ਵਿੱਚ ਸਬੰਧਤ ਅਧਿਕਾਰੀ/ ਕਰਮਚਾਰੀ/ ਵਿਅਕਤੀ ਦੀ ਜੀਵਨੀ, ਬਾਇਓ-ਡਾਟਾ ਅਤੇ ਉਸ ਵੱਲੋਂ ਕੀਤੇ ਗਏ ਕੰਮਾਂ ਬਾਰੇ ਵਿਸਥਾਰ ਨਾਲ ਦੱਸਦੇ ਹੋਏ, ਉਸ ਦੀਆਂ ਕੁੱਲ 5-5 ਕਾਪੀਆਂ (ਪੰਜਾਬੀ ਅਤੇ ਅੰਗਰੇਜੀ) ਵਿੱਚ ਨੱਥੀ ਕੀਤੇ ਅਨੁਲੱਗ (ਬਾਇਓਡਾਟਾ) ਵਿੱਚ ਮੰਗੀ ਗਈ ਸੂਚਨਾ ਅਨੁਸਾਰ ਭੇਜੀਆਂ ਜਾਣ।

(ਸ) ਜਿਨ੍ਹਾਂ ਸਖਸ਼ੀਅਤਾਂ ਨੂੰ ਰਾਜ ਸਰਕਾਰ ਵੱਲੋਂ ਪਹਿਲਾਂ ਹੀ ਪੰਜਾਬ ਸਰਕਾਰ ਪ੍ਰਮਾਣ ਪੱਤਰ ਦਿੱਤਾ ਜਾ ਚੁੱਕਾ ਹੈ, ਉਨ੍ਹਾਂ ਦੀ ਸਿਫਾਰਸ਼ ਨੂੰ ਵਿਚਾਰਿਆ ਨਹੀਂ ਜਾਵੇਗਾ।

Harnek Singh
Under Secretary
17/05/2022

ਉਪਰੋਕਤ ਦਾ ਇੱਕ ਉਤਾਰਾ ਰਾਜ ਦੇ ਸਾਰੇ ਵਧੀਕ ਮੁੱਖ ਸਕੱਤਰਾਂ/ ਵਿੱਤੀ ਕਮਿਸ਼ਨਰਾਂ/ ਪ੍ਰਮੁੱਖ ਸਕੱਤਰਾਂ ਅਤੇ ਪ੍ਰਬੰਧਕੀ ਸਕੱਤਰਾਂ ਨੂੰ ਭੇਜਕੇ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਆਪਣੇ ਵਿਭਾਗ ਨਾਲ ਸਬੰਧਤ ਅਧਿਕਾਰੀਆਂ/ ਕਰਮਚਾਰੀਆਂ ਸਬੰਧੀ ਆਪਣੀਆਂ ਸਿਫਾਰਿਸ਼ਾਂ ਪੱਤਰ ਵਿੱਚ ਦਰਸਾਈਆਂ ਸ਼ਰਤਾਂ ਦੇ ਆਧਾਰ ਤੇ ਮਿਤੀ 31.05.2022 ਤੋਂ ਪਹਿਲਾਂ-ਪਹਿਲਾਂ ਆਮ ਰਾਜ ਪ੍ਰਬੰਧ ਵਿਭਾਗ (ਰਾਜਨੀਤੀ-1 ਸਾਖਾ) ਨੂੰ ਭੇਜਣ ਦੀ ਖੇਚਲ ਕਰਨ।

Harnek Singh
Under Secretary
17/05/2022

ਸੇਵਾ ਵਿਖੇ

ਸਮੂਹ ਵਧੀਕ ਮੁੱਖ ਸਕੱਤਰ, ਵਿੱਤੀ ਕਮਿਸ਼ਨਰਜ਼,
ਪ੍ਰਮੁੱਖ ਸਕੱਤਰ ਅਤੇ ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ।

ਉਪਰੋਕਤ ਦਾ ਇੱਕ-ਇੱਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ:-

1. ਪ੍ਰਮੁੱਖ ਸਕੱਤਰ/ ਮੁੱਖ ਮੰਤਰੀ, ਪੰਜਾਬ।
2. ਸਕੱਤਰ, ਪੰਜਾਬ ਵਿਧਾਨ ਸਭਾ, ਚੰਡੀਗੜ੍ਹ।
3. ਨਿੱਜੀ ਸਕੱਤਰ/ ਮੁੱਖ ਸਕੱਤਰ, ਪੰਜਾਬ।

Harnek Singh
Under Secretary
17/05/2022

# BIO-DATA

1. Name :

   (In English and Punjabi)

2. Father's/ Husband's Name :

3. Residential Address :

4. Phone/ Mobile No. :

5. Date of Birth/ Age :

6. Occupation (If Govt. Service then):

   Designation & Office Address)

7. Field of Communication :

   ( Bravery, Social Service, Art,

   Famous Art, Literature, Science,

   Technology and any other activity)

8. Have you got Punjab Govt. Proof :

   Certificate

9. Remarks :

   (Description of work)

# ਬਾਇਓਡਾਟਾ

1. ਨਾਮ :
   (ਪੰਜਾਬੀ ਅਤੇ ਅੰਗਰੇਜੀ ਵਿੱਚ)
2. ਪਿਤਾ/ ਪਤੀ ਦਾ ਨਾਂ :
3. ਰਿਹਾਇਸ਼ੀ ਪਤਾ :
4. ਫੋਨ/ ਮੋਬਾਇਲ ਨੰ :
5. ਜਨਮ ਮਿਤੀ/ ਉਮਰ :
6. ਕਿੱਤਾ (ਜੇਕਰ ਸਰਕਾਰੀ ਕਰਮਚਾਰੀ ਹੈ :
   ਤਾਂ ਅਹੁਦਾ ਅਤੇ ਦਫਤਰ ਦਾ ਪਤਾ
7. ਸਿਫਾਰਸ਼ ਦਾ ਖੇਤਰ :
   (ਬਹਾਦਰੀ, ਸਮਾਜ ਸੇਵਾ, ਕਲਾ, ਪ੍ਰਸਿੱਧ
   ਕਲਾ, ਸਾਹਿਤ, ਵਿਗਿਆਨ, ਤਕਨਾਲੋਜੀ
   ਅਤੇ ਹੋਰ ਪ੍ਰਵੀਨ ਕਿੱਤੇ)
8. ਕੀ ਪਹਿਲਾਂ ਪੰਜਾਬ ਸਰਕਾਰ ਪ੍ਰਮਾਣ :
   ਪੱਤਰ ਮਿਲ ਚੁੱਕਾ ਹੈ ?
9. ਵਿਸ਼ੇਸ਼ ਕਥਨ :
   (ਕੀਤੇ ਗਏ ਕੰਮਾਂ ਬਾਰੇ ਵਿਸਥਾਰ)